ਥਾਣਾ ਸਿਟੀ ਮਲੋਟ ਪੁਲਿਸ ਨੇ ਚੋਰੀ ਦੇ ਪਿਸਤੌਲ ਸਮੇਤ ਇਕ ਵਿਅਕਤੀ ਗ੍ਰਿਫ਼ਤਾਰ ਕੀਤਾ ਹੈ।

ਮਲੋਟ : ਥਾਣਾ ਸਿਟੀ ਮਲੋਟ ਪੁਲਿਸ ਨੇ ਚੋਰੀ ਦੇ ਪਿਸਤੌਲ ਸਮੇਤ ਇਕ ਵਿਅਕਤੀ ਗ੍ਰਿਫ਼ਤਾਰ ਕੀਤਾ ਹੈ। ਥਾਣਾ ਸਿਟੀ ਮਲੋਟ ਪੁਲਿਸ ਵੱਲੋਂ ਦਰਜ ਮਾਮਲੇ ਅਨੁਸਾਰ ਮੁਕੱਦਮਾ ਨੰਬਰ 109 ਮਿਤੀ 11.07.2023 ਥਾਣਾ ਸਿਟੀ ਮਲੋਟ ਸਬੰਧੀ ਮੁਲਜ਼ਮ ਗੁਰਪ੍ਰੀਤ ਸਿੰਘ ਪੁੱਤਰ ਬਲਕਾਰ ਸਿੰਘ ਨੇ ਦੱਸਿਆ ਕਿ ਉਸਦਾ ਇੱਕ ਲਾਇਸੰਸੀ ਰਿਵਾਲਵਰ 32 ਬੋਰ ਜੋ ਕਿ ਉਸਨੂੰ ਸ਼ੱਕ ਹੈ ਕਿ ਸ਼ਮਿੰਦਰ ਸਿੰਘ ਨੇ ਉਸਦੀ ਕਾਰ 'ਚੋਂ ਚੋਰੀ ਕੀਤਾ ਸੀ ਜਿਸਨੂੰ ਬਰਾਮਦ ਕਰਾਉਣ ਲਈ ਧੱਕੇ ਨਾਲ ਉਹ ਉਸਨੂੰ ਆਪਣੇ ਸਾਥੀਆਂ ਨਾਲ ਮਿਲ ਕੇ ਆਪਣੀ ਗੱਡੀ ਵਿਚ ਚੁੱਕ ਕੇ ਲੈ ਗਏ ਸੀ ਅਤੇ ਉਸਦੀ ਕੁੱਟਮਾਰ ਵੀ ਕੀਤੀ ਸੀ। ਜੋ ਕਿ ਸ਼ਮਿੰਦਰ ਕੋਲੋਂ ਸਖਤੀ ਨਾਲ ਪੁੱਛਗਿੱਛ ਕਰਨ ਤੇ ਉਸਨੇ ਕਬੂਲ ਕੀਤਾ ਕਿ ਉਸਨੇ ਉਹ ਚੋਰੀ ਕੀਤਾ ਹੋਇਆ 32 ਬੋਰ ਦਾ ਪਿਸਤੌਲ ਮਲੋਟ ਬਿਜਲੀ ਘਰ ਦੇ ਕੋਲ ਝਾੜੀਆਂ ਦੇ ਕੋਲ ਛੁਪਾ ਕੇ ਰੱਖਿਆ ਹੈ। ਇਸਤੇ ਪੁਲਿਸ ਨੇ ਪਿਸਤੌਲ ਬਰਾਮਦ ਕਰਦਿਆਂ ਥਾਣਾ ਸਿਟੀ ਮਲੋਟ ਵਿਖੇ ਸ਼ਮਿੰਦਰ ਸਿੰਘ ਉਰਫ ਸ਼ੰਮੀ ਪੁੱਤਰ ਹਾਕਮ ਸਿੰਘ ਵਾਸੀ ਪਿੰਡ ਉੜਾਂਗ ਖ਼ਿਲਾਫ਼ ਮਾਮਲਾ ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ ਹੈ।